# ਹੇਲਥ ਕੇਅਰ (ਸਿਹਤ ਦੇਖਰੇਖ) ਵਿੱਚ ਸੂਚਿਤ ਸਹਿਮਤੀ

## ਹੇਲਥ ਕੇਅਰ ਵਿੱਚ ਸੂਚਿਤ ਸਹਿਮਤੀ ਦਾ ਕੀ ਮਤਲਬ ਹੈ?

ਜਦੋਂ ਤੁਸੀ ਕਿਸੇ ਬੀਮਾਰੀ ਜਾਂ ਸਿਹਤ ਸਮੱਸਿਆ ਤੋਂ ਪੀੜਤ ਹੋਵੋਗੇ ਤਾਂ ਸਿਹਤ ਸੇਵਾਵਾਂ ਤੁਹਾਡੀ ਮਦਦ ਕਰਨਗੀਆਂ। ਕਦੇ-ਕਦੇ ਤੁਹਾਨੂੰ ਸਿਹਤ ਦੇ ਟੈਸਟ ਜਾਂ ਇਲਾਜ ਕਰਾਉਣ ਦੀ ਲੋੜ ਹੁੰਦੀ ਹੈ। ਹੈਲਥ ਵਰਕਰ (ਸਿਹਤ ਕਰਮੀ) ਲਈ ਤੁਹਾਡੇ ਪਾਸੋਂ ਟੈਸਟ ਜਾਂ ਇਲਾਜ ਕਰਾਉਣ ਦੀ ਸਹਿਮਤੀ ਲੈਣਾ ਜ਼ਰੂਰੀ ਹੈ। ਸੂਚਿਤ ਸਹਿਮਤੀ ਉਸ ਸਥਿਤੀ ਵਿੱਚ ਹੁੰਦੀ ਹੈ ਜਦੋਂ ਤੁਸੀਂ ਸਾਫ-ਸਾਫ ਆਪਣੀ ਬੀਮਾਰੀ ਜਾਂ ਸਿਹਤ ਸਮੱਸਿਆ ਨੂੰ ਸਮਝਦੇ ਹੋ ਅਤੇ ਸਿਹਤ ਕਰਮੀ ਦੁਆਰਾ ਚੁੱਕੇ ਜਾਣ ਵਾਲੇ ਕਦਮਾਂ ਨਾਲ ਸਹਿਮਤ ਹੁੰਦੇ ਹੋ।

ਸਹਿਮਤੀ ਦੇਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਤੁਸੀਂ ਸਿਹਤ ਦੇਖਰੇਖ ਦੇ ਆਪਣੇ ਸਾਰੇ ਵਿਕਲਪਾਂ ਨਾਲ ਜਾਣੂ ਹੋਵੋ ਤੁਸੀਂ ਇਲਾਜ ਕਰਵਾਉਣ ਜਾਂ ਨਾ ਕਰਵਾਉਣ ਦਾ ਫੈਸਲਾ ਲੈ ਸਕਦੇ ਹੋ।

## ਮੈਨੂੰ ਕਿਹੜੀ ਜਾਣਕਾਰੀ ਦੀ ਲੋੜ ਹੋਵੇਗੀ?

ਤੁਹਾਡਾ ਸਿਹਤ ਕਰਮੀ ਤੁਹਾਨੂੰ ਜਾਣਕਾਰੀ ਦੇਵੇਗਾ ਤਾਂ ਜੋ ਤੁਹਾਡੇ ਟੈਸਟ ਜਾਂ ਇਲਾਜ ਬਾਰੇ ਫੈਸਲਾ ਲੈਣ ਵਿੱਚ ਤੁਹਾਨੂੰ ਮਦਦ ਮਿਲ ਸਕੇ।

ਤੁਸੀਂ ਆਪਣੇ ਸਿਹਤ ਕਰਮੀ ਤੋਂ ਸਵਾਲ ਵੀ ਪੁੱਛ ਸਕਦੇ ਹੋ ਜਿਵੇਂ ਕਿ:

» ਮੈਨੂੰ ਕਿਹੜੀ ਬੀਮਾਰੀ ਜਾਂ ਸਿਹਤ ਸਮੱਸਿਆ ਹੈ?
» ਟੈਸਟ ਜਾਂ ਇਲਾਜ ਕੀ ਹੈ?
» ਟੈਸਟ ਜਾਂ ਇਲਾਜ ਨਾਲ ਮੈਨੂੰ ਮਦਦ ਕਿਵੇਂ ਮਿਲੇਗੀ?
» ਕੀ ਟੈਸਟ ਜਾਂ ਇਲਾਜ ਕਰਾਉਣ ਨਾਲ ਕੋਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ?
» ਸਮੱਸਿਆਵਾਂ ਕਿੰਨੀਆਂ ਗੰਭੀਰ ਹੋ ਸਕਦੀਆਂ ਹਨ?
» ਕੀ ਵੱਖ-ਵੱਖ ਟੈਸਟ ਜਾਂ ਇਲਾਜ ਉਪਲਬਧ ਹਨ?
» ਟੈਸਟ ਜਾਂ ਇਲਾਜ ਤੋਂ ਬਾਅਦ ਕੀ ਹੁੰਦਾ ਹੈ?
» ਕੀ ਮੇਰੀ ਸਥਿਤੀ ਵਿੱਚ ਸੁਧਾਰ ਹੋਵੇਗਾ?
» ਸੁਧਾਰ ਹੋਣ ਵਿੱਚ ਕਿੰਨ੍ਹਾਂ ਸਮਾਂ ਲਗੇਗਾ?
» ਜੇਕਰ ਮੈਂ ਇਲਾਜ ਨਹੀਂ ਕਰਾਉਂਦਾ/ਕਰਾਉਂਦੀ ਹਾਂ ਤਾਂ ਕੀ ਹੋ ਸਕਦਾ ਹੈ?




ਜੇਕਰ ਤੁਹਾਨੂੰ ਕੋਈ ਗੱਲ ਸਮਝ ਨਾ ਆਵੇ ਤਾਂ ਆਪਣੇ ਸਿਹਤ ਕਰਮੀ ਨੂੰ ਦੱਸੋ।

## ਮੇਰੇ ਲਈ ਸਹਿਮਤੀ ਦੇਣਾ ਕਿਉਂ ਲਾਜ਼ਮੀ ਹੈ?

ਔਸਟ੍ਰੇਲੀਆ ਵਿੱਚ, ਇਹ ਕਾਨੂੰਨ ਹੈ ਕਿ ਤੁਹਾਨੂੰ ਟੈਸਟ ਜਾਂ ਇਲਾਜ ਦੇਣ ਤੋਂ ਪਹਿਲਾਂ ਤੁਹਾਡਾ ਸਿਹਤ ਕਰਮੀ ਤੁਹਾਡੀ ਸਹਿਮਤੀ ਲਵੇ।

## ਮੇਰੇ ਲਈ ਸਹਿਮਤੀ ਫਾਰਮ ਤੇ ਹਸਤਾਖਰ ਕਰਨਾ ਕਿਉਂ ਜ਼ਰੂਰੀ ਹੈ?

ਸਰਜਰੀ ਵਰਗੇ ਵਧੇਰੇ ਜੋਖਮ ਵਾਲੇ ਇਲਾਜਾਂ ਲਈ ਤੁਹਾਨੂੰ ਲਿਖਤੀ ਸਹਿਮਤੀ ਫਾਰਮ ਤੇ ਹਸਤਾਖਰ ਕਰਨ ਦੀ ਬੇਨਤੀ ਕੀਤੀ ਜਾਵੇਗੀ। ਦੂਜੀਆਂ ਸਥਿਤੀਆਂ ਵਿੱਚ ਤੁਹਾਡੇ ਲਈ ਸਿਰਫ ਆਪਣੇ ਸਿਹਤ ਕਰਮੀ ਨੂੰ ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਤੁਸੀਂ ਇਸ ਨਾਲ ਸਹਿਮਤ ਹੋ। ਕੇਵਲ ਤੁਹਾਡੇ ਟੈਸਟਾਂ ਅਤੇ ਇਲਾਜਾਂ ਵਿੱਚ ਸ਼ਾਮਿਲ ਸਿਹਤ ਕਰਮੀ ਹੀ ਤੁਹਾਡਾ ਸਹਿਮਤੀ ਫਾਰਮ ਪੜ੍ਹਣਗੇ।

ਤੁਹਾਡੇ ਸਹਿਮਤੀ ਫਾਰਮ ਨੂੰ ਤੁਹਾਡੀ ਸਿਹਤ ਦੇਖਰੇਖ ਵਿੱਚ ਸ਼ਾਮਲ ਕਿਸੇ ਹੋਰ ਵਿਅਕਤੀ ਨਾਲ ਸਾਂਝਾ ਨਹੀਂ ਕੀਤਾ ਜਾਵੇਗਾ।

## ਸਹਿਮਤੀ ਕੌਣ ਦੇ ਸਕਦਾ ਹੈ?

ਜੇਕਰ ਤੁਸੀਂ ਆਪਣੇ ਇਲਾਜ ਸੰਬੰਧੀ ਵਿਕਲਪਾਂ ਨੂੰ ਸਮਝ ਸਕਦੇ ਹੋ ਅਤੇ ਆਪਣੇ ਸਿਹਤ ਕਰਮੀ ਨੂੰ ਦੱਸ ਸਕਦੇ ਹੋ ਕਿ ਤੁਹਾਡੀਆਂ ਕੀ ਲੋੜਾਂ ਹਨ, ਤਾਂ ਫੈਸਲਾ ਤੁਹਾਨੂੰ ਆਪ ਕਰਨਾ ਚਾਹੀਦਾ ਹੈ। ਤੁਸੀਂ ਐਪਾਇੰਟਮੇਂਟ ਵਿੱਚ ਆਪਣੇ ਨਾਲ ਦੋਸਤਾਂ, ਪਰਿਵਾਰ ਜਾਂ ਭਾਈਚਾਰੇ ਦੇ ਮੈਂਬਰਾਂ ਨੂੰ ਲਿਆ ਸਕਦੇ ਹੋ ਅਤੇ ਉਹਨਾਂ ਤੋਂ ਸਲਾਹ ਲੈ ਸਕਦੇ ਹੋ। ਕਦੇ-ਕਦੇ ਕਿਸੇ ਐਮਰਜੈਂਸੀ ਦੀ ਸਥਿਤੀ ਵਿੱਚ ਤੁਹਾਡਾ ਸਿਹਤ ਕਰਮੀ, ਪਰਿਵਾਰ ਦਾ ਮੈਂਬਰ ਜਾਂ ਕੋਈ ਦੋਸਤ ਤੁਹਾਡੇ ਵਲੋਂ ਫੈਸਲੇ ਲੈ ਸਕਦਾ ਹੈ।

## ਕਿਸੇ ਬੱਚੇ/ਬੱਚੀ ਲਈ ਸਹਿਮਤੀ ਕੌਣ ਦਿੰਦਾ ਹੈ?

ਆਮ ਤੌਰ 'ਤੇ, ਮਾਪੇ, ਗਾਰਡੀਅਨ ਜਾਂ ਦੇਖਰੇਖਕਰਤਾ 18 ਸਾਲ ਤੋਂ ਘੱਟ ਉਮਰ ਵਾਲੇ ਬੱਚੇ/ਬੱਚੀ ਲਈ ਸਹਿਮਤੀ ਦਿੰਦੇ ਹਨ। ਜੇਕਰ ਕੋਈ ਬੱਚਾ/ਬੱਚੀ ਆਪਣੇ ਇਲਾਜ ਨੂੰ ਅਤੇ ਉਸਦੀ ਸਿਹਤ ਤੇ ਇਸ ਨਾਲ ਪੈਣ ਵਾਲੇ ਅਸਰ ਨੂੰ ਪੂਰੀ ਤਰ੍ਹਾਂ ਸਮਝਦਾ ਹੈ, ਤਾਂ ਉਹ ਆਪ ਸਹਿਮਤੀ ਦੇ ਸਕਦਾ/ਸਕਦੀ ਹੈ। ਸਿਹਤ ਕਰਮੀ ਇਹ ਜਾਂਚ ਕਰੇਗਾ ਕਿ ਕੀ ਬੱਚਾ/ਬੱਚੀ ਆਪਣੇ ਆਪ ਸਹਿਮਤੀ ਦੇਣ ਯੋਗ ਹੈ ਜਾਂ ਨਹੀਂ।

## ਮੈਨੂੰ ਕਿੰਨ੍ਹੀ ਜਾਣਕਾਰੀ ਜਾਨਣ ਦੀ ਲੋੜ ਹੈ?

ਜਿੰਨ੍ਹੀ ਜਾਣਕਾਰੀ ਦੀ ਤੁਹਾਨੂੰ ਲੋੜ ਹੋਵੇਗੀ, ਉਹ ਸਾਰੀ ਸਿਹਤ ਕਰਮੀ ਤੁਹਾਨੂੰ ਦਵੇਗਾ। ਉਹ ਤੁਹਾਡੇ ਸਾਰੇ ਸਵਾਲਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਨਗੇ। ਜੇਕਰ ਆਪਣੇ ਟੈਸਟਾਂ ਜਾਂ ਇਲਾਜ ਬਾਰੇ ਤੁਸੀਂ ਕੋਈ ਜਾਣਕਾਰੀ ਨਹੀਂ ਜਾਣਨਾ ਚਾਹੁੰਦੇ ਹੋ ਤਾਂ ਆਪਣੇ ਸਿਹਤ ਕਰਮੀ ਨੂੰ ਦੱਸੋ।

## ਫੈਸਲਾ ਲੈਣ ਲਈ ਮੇਰੇ ਕੋਲ ਕਿੰਨ੍ਹਾਂ ਸਮਾਂ ਹੁੰਦਾ ਹੈ?

ਐਮਰਜੈਂਸੀ ਦੀਆਂ ਸਥਿਤੀਆਂ ਵਿੱਚ ਫੈਸਲੇ ਛੇਤੀ-ਛੇਤੀ ਲੈਣੇ ਪੈਂਦੇ ਹਨ। ਜੇਕਰ ਸਥਿਤੀ ਐਮਰਜੈਂਸੀ ਦੀ ਨਾ ਹੋਵੇ, ਤਾਂ ਫੈਸਲਾ ਲੈਣ ਲਈ ਤੁਸੀਂ ਵੱਧ ਸਮਾਂ ਲੈ ਸਕਦੇ ਹੋ। ਜੇਕਰ ਫਿਰ ਵੀ ਤੁਸੀਂ ਆਪਣੇ ਟੈਸਟਾਂ ਜਾਂ ਇਲਾਜ ਬਾਰੇ ਨਿਸ਼ਚਿੰਤ ਨਹੀਂ ਹੋ, ਤਾਂ ਤੁਸੀਂ ਆਪਣਾ ਫੈਸਲਾ ਲੈਣ ਵਿੱਚ ਮਦਦ ਲੈਣ ਲਈ ਤੁਸੀਂ ਕਿਸੇ ਹੋਰ ਸਿਹਤ ਕਰਮੀ ਨਾਲ ਗੱਲ ਕਰ ਸਕਦੇ ਹੋ।

Interpreter

## ਕੀ ਮੈਨੂੰ ਦੋਭਾਸ਼ੀਏ ਦੀ ਲੋੜ ਹੈ?

ਸਿਹਤ ਦੇ ਟੈਸਟਾਂ ਜਾਂ ਇਲਾਜ ਨੂੰ ਸਮਝਣਾ ਮੁਸ਼ਕਲ ਹੋ ਸਕਦਾ ਹੈ। ਸਰਬੋਤਮ ਫੈਸਲੇ ਲੈਣ ਲਈ, ਇਹ ਮਹੱਵਤਪੂਰਣ ਹੈ ਕਿ ਤੁਸੀਂ ਅਤੇ ਤੁਹਾਡਾ ਸਿਹਤ ਕਰਮੀ ਇੱਕ ਦੂਜੇ ਨੂੰ ਸਮਝਦੇ ਹਨ। ਜੇਕਰ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ ਹੈ, ਤਾਂ ਕੋਈ ਪੇਸ਼ਾਵਰ ਦੋਭਾਸ਼ੀਆ ਤੁਹਾਡੀ ਐਪਾਇਟਮੈਂਟ ਵਿੱਚ ਭਾਗ ਲੈ ਸਕਦਾ ਹੈ। ਆਮ੍ਹਣੇ-ਸਾਮ੍ਹਣੇ ਜਾਂ ਟੈਲੀਫੋਨ ਤੇ ਦੋਭਾਸ਼ੀਏ ਦਾ ਪ੍ਰਬੰਧ ਮੁਫਤ ਕੀਤਾ ਜਾਂਦਾ ਹੈ। ਜਦੋਂ ਤੁਸੀਂ ਸਿਹਤ ਦੇਖਰੇਖ ਬਾਰੇ ਗੱਲਬਾਤ ਕਰਦੇ ਹੋ ਤਾਂ ਤੁਸੀਂ ਜਾਂ ਤੁਹਾਡਾ ਸਿਹਤ ਕਰਮੀ ਇਹ ਬੇਨਤੀ ਕਰ ਸਕਦਾ ਹੈ ਕਿ ਤੁਹਾਡੀ ਮਦਦ ਲਈ ਕਿਸੇ ਦੁਭਾਸ਼ੀਏ ਦਾ ਪ੍ਰਬੰਧ ਕੀਤਾ ਜਾਵੇ। ਜਿਹੜੀ ਜਾਣਕਾਰੀ ਤੁਸੀਂ ਦੁਭਾਸ਼ੀਏ ਨੂੰ ਦੱਸਦੇ ਹੋ, ਉਸਨੂੰ ਗੁਪਤ ਰੱਖਿਆ ਜਾਂਦਾ ਹੈ।

## ਜੇਕਰ ਮੈਂ ਪਹਿਲਾਂ ਸਹਿਮਤੀ ਦਿੰਦਾ/ਦਿੰਦੀ ਹਾਂ ਤੇ ਬਾਅਦ ਵਿੱਚ ਇਸਨੂੰ ਲੈ ਕੇ ਮੇਰਾ ਮਨ ਬਦਲ ਜਾਂਦਾ ਹੈ, ਤਾਂ ਕੀ ਹੁੰਦਾ ਹੈ?

ਭਾਵੇਂ ਤੁਸੀਂ ਸਹਿਮਤੀ ਫਾਰਮ ਤੇ ਹਸਤਾਖਰ ਕਰ ਦਿੱਤੇ ਹੋਣ ਜਾਂ ਤੁਸੀਂ ਆਪਣੇ ਸਿਹਤ ਕਰਮੀ ਨੂੰ ਦੱਸਿਆ ਹੋਵੇ ਕਿ ਤੁਸੀਂ ਟੈਸਟ ਜਾਂ ਇਲਾਜ ਕਰਾਉਣ ਲਈ ਸਹਿਮਤ ਹੋ, ਤਾਂ ਵੀ ਤੁਸੀਂ ਬਾਅਦ ਵਿੱਚ ਆਪਣਾ ਮਨ ਬਦਲ ਸਕਦੇ ਹੋ।

## ਯਾਦ ਰੱਖੋ

### ◊ ਸਵਾਲ ਪੁੱਛੋ

ਇਹ ਮਹੱਤਵਪੂਰਣ ਹੈ ਕਿ ਤੁਸੀਂ ਤੁਹਾਡੇ ਸਿਹਤ ਕਰਮੀ ਦੁਆਰਾ ਤੁਹਾਨੂੰ ਦਿੱਤੀ ਸਾਰੀ ਜਾਣਕਾਰੀ ਨੂੰ ਸਮਝਦੇ ਹੋ। ਤੁਸੀਂ ਜਿੰਨ੍ਹੇ ਚਾਹੋ ਸਵਾਲ ਪੁੱਛ ਸਕਦੇ ਹੋ। ਮਦਦ ਲਈ ਤੁਸੀਂ ਆਪਣੇ ਨਾਲ ਕਿਸੇ ਵਿਅਕਤੀ ਨੂੰ ਲਿਆ ਸਕਦੇ ਹੋ।

### ◊ ਦੁਭਾਸ਼ੀਏ ਲਈ ਬੇਨਤੀ ਕਰੋ

ਪੇਸ਼ਾਵਰ ਦੋਭਾਸ਼ੀਆਏ ਦਾ ਪ੍ਰਬੰਧ ਮੁਫਤ ਕੀਤਾ ਜਾਂਦਾ ਹੈ। ਉਹ ਤੁਹਾਡੇ ਅਤੇ ਤੁਹਾਡੇ ਸਿਹਤ ਕਰਮੀ ਲਈ ਇੱਕ ਦੂਜੇ ਨੂੰ ਸਮਝਣਾ ਹੋਰ ਆਸਾਨ ਬਣਾਉਂਦੇ ਹਨ।

### ◊ ਇਹ ਤੁਹਾਡੀ ਮਰਜ਼ੀ ਹੈ

ਭਾਵੇਂ ਤੁਸੀਂ ਸਹਿਮਤੀ ਦੇ ਦਿੱਤੀ ਹੋਵੇ, ਪਰ ਫਿਰ ਵੀ ਤੁਸੀਂ ਕਿਸੇ ਵੇਲੇ ਆਪਣਾ ਮਨ ਬਦਲ ਸਕਦੇ/ਸਕਦੀ ਹੋ।

Partnering with Consumers - This patient information brochure supports National Safety and Quality Health Service Standard 2 (2.4.1)
Consumers and/or carers provided feedback on this patient information.